Administrative Appeals Tribunal

Fact Sheet

# ਵਿਦਿਆਰਥੀ ਵੀਜ਼ਾ ਕੈਂਸਲੇਸ਼ਨ (ਰੱਦ ਹੋਣਾ)

ਇਹ ਤੱਥ ਸ਼ੀਟ ਗ੍ਰਹਿ ਵਿਭਾਗ (ਵਿਭਾਗ) ਦੁਆਰਾ ਵਿਦਿਆਰਥੀ ਵੀਜ਼ਾ ਰੱਦ ਕਰਨ ਦੇ ਫੈਸਲਿਆਂ ਦੀ ਏ.ਏ.ਟੀ. ਸਮੀਖਿਆ ਬਾਰੇ ਪ੍ਰਸ਼ਨਾਂ ਦੇ ਜਵਾਬ ਬਾਰੇ ਹੈ। ਇਹ ਇਸ ਅਧਾਰ ਤੇ ਹੈ ਕਿ ਤੁਸੀਂ ਵੀਜ਼ਾ ਕੰਡੀਸ਼ਨ/ਸ਼ਰਤ **8202** (**visa condition 8202**) ਦੀ ਪਾਲਣਾ ਨਹੀਂ ਕੀਤੀ।

## ਕੰਡੀਸ਼ਨ 8202 ਕੀ ਹੈ

ਕੰਡੀਸ਼ਨ 8202 ਲਈ ਵੀਜ਼ਾ ਧਾਰਕ ਨੂੰ ਕੁਝ ਕੋਰਸਾਂ ਵਿੱਚ ਭਰਤੀ, ਹਾਜ਼ਰੀ ਅਤੇ ਅਕਾਦਮਿਕ ਤਰੱਕੀ ਦੀਆਂ ਜ਼ਰੂਰਤਾਂ ਦੀ ਪਾਲਣਾ ਕਰਨ ਦੀ ਜ਼ਰੂਰਤ ਹੈ।

### ਏ.ਏ.ਟੀ ਨੂੰ ਕੀ ਫੈਸਲਾ ਲੈਣ ਦੀ ਲੋੜ ਹੈ?

ਜੇ ਤੁਹਾਡਾ ਵਿਦਿਆਰਥੀ ਵੀਜ਼ਾ ਇਸ ਅਧਾਰ ਤੇ ਰੱਦ ਕਰ ਦਿੱਤਾ ਗਿਆ ਹੈ ਕਿ ਕੋਰਸ ਵਿੱਚ ਭਰਤੀ ਦੀਆਂ ਸ਼ਰਤਾਂ ਪੂਰੀਆਂ ਨਹੀਂ ਕੀਤੀਆਂ ਗਈਆਂ ਸਨ, ਤਾਂ ਏ.ਏ.ਟੀ ਨੂੰ ਇਹ ਫੈਸਲਾ ਕਰਨ ਦੀ ਜ਼ਰੂਰਤ ਹੋਏਗੀ ਕਿ ਕੀ:

- ਤੁਹਾਡਾ ਪੂਰੇ ਸਮੇਂ ਦੇ ਰਜਿਸਟਰਡ ਕੋਰਸ ਵਿਚ ਲਗਾਤਾਰ ਦਾਖਲਾ ਚੱਲ ਰਿਹਾ ਹੈ, ਜਾਂ
- ਜੇ ਤੁਸੀਂ ਸੈਕੰਡਰੀ ਐਕਸਚੇਂਜ ਵਿਦਿਆਰਥੀ, ਵਿਦੇਸ਼ੀ ਮਾਮਲਿਆਂ ਦੇ ਵਿਦਿਆਰਥੀ ਜਾਂ ਰੱਖਿਆ ਵਿਦਿਆਰਥੀ ਹੋ ਤਾਂ ਤੁਸੀਂ ਅਧਿਐਨ ਜਾਂ ਸਿਖਲਾਈ ਦੇ ਪੂਰੇ ਸਮੇਂ ਦੇ ਕੋਰਸ ਵਿਚ ਦਾਖਲ ਹੋ ਜਾਂਦੇ ਹੋ, ਜਾਂ
- ਤੁਹਾਡੇ ਸਿੱਖਿਆ ਪ੍ਰਦਾਤਾ ਨੇ ਪ੍ਰਮਾਣਿਤ ਕੀਤਾ ਹੈ ਕਿ ਤੁਸੀਂ ਕੋਰਸ ਵਿੱਚ ਤਸੱਲੀਬਖਸ਼ ਤਰੱਕੀ ਨਹੀਂ ਕੀਤੀ ਹੈ ਜਾਂ ਹਾਜ਼ਰੀ ਪੂਰੀ ਨਹੀਂ ਕੀਤੀ ਹੈ।

ਜੇ ਇਕ ਵਿਦਿਆਰਥੀ ਵੀਜ਼ਾ ਇਸ ਅਧਾਰ 'ਤੇ ਰੱਦ ਕਰ ਦਿੱਤਾ ਗਿਆ ਹੈ ਕਿ ਤੁਸੀਂ ਇਹ ਜ਼ਰੂਰਤਾਂ ਪੂਰੀਆਂ ਨਹੀਂ ਕੀਤੀਆਂ ਹਨ, ਤਾਂ ਏ.ਏ.ਟੀ. ਨੂੰ ਇਹ ਫੈਸਲਾ ਕਰਨ ਦੀ ਜ਼ਰੂਰਤ ਹੋਏਗੀ ਕਿ ਤੁਸੀਂ 8202 ਵਾਲੀ ਸ਼ਰਤ ਦੀ ਪਾਲਣਾ ਕੀਤੀ ਹੈ ਜਾਂ ਨਹੀਂ।

### ਏ.ਏ.ਟੀ. ਕਿਵੇਂ ਫੈਸਲਾ ਕਰੇਗੀ ਕਿ ਮੇਰਾ ਵੀਜ਼ਾ ਰੱਦ ਕਰ ਦੇਣਾ ਚਾਹੀਦਾ ਹੈ?

ਫੈਸਲੇ ਦੀ ਪ੍ਰਕਿਰਿਆ ਦਾ **ਪਹਿਲਾ ਪੜਾਅ** ਇਹ ਫੈਸਲਾ ਕਰਨਾ ਹੈ ਕਿ ਕੀ ਤੁਸੀਂ ਕੰਡੀਸ਼ਨ 8202 ਦੀ ਉਲੰਘਣਾ ਕੀਤੀ ਹੈ।

ਫੈਸਲੇ ਦੀ ਪ੍ਰਕਿਰਿਆ ਦਾ **ਦੂਜਾ ਪੜਾਅ** ਇਹ ਫੈਸਲਾ ਕਰਨਾ ਹੈ ਕਿ ਵੀਜ਼ਾ ਰੱਦ ਕਰਨਾ ਹੈ ਜਾਂ ਨਹੀਂ। ਜੇ ਇਹ ਸੰਤੁਸ਼ਟੀ ਹੋ ਜਾਂਦੀ ਹੈ ਕਿ ਤੁਸੀਂ ਸ਼ਰਤ ਦੀ ਉਲੰਘਣਾ ਕੀਤੀ ਹੈ, ਤਾਂ ਏ.ਏ.ਟੀ. ਨੂੰ ਵਿਚਾਰਨਾ ਪਏਗਾ ਕਿ ਕੀ ਵੀਜ਼ਾ ਰੱਦ ਕੀਤਾ ਜਾਣਾ ਚਾਹੀਦਾ ਹੈ। ਇਹ ਫੈਸਲਾ ਕਰਨ ਵਿੱਚ ਕਿ ਕੀ ਵੀਜ਼ਾ ਰੱਦ ਕੀਤਾ ਜਾਣਾ ਚਾਹੀਦਾ ਹੈ, ਏ.ਏ.ਟੀ. ਦੁਆਰਾ ਵਿਚਾਰੇ ਜਾਣ ਵਾਲੇ ਮਾਮਲਿਆਂ ਦੀਆਂ ਕਿਸਮਾਂ ਵਿੱਚ ਸ਼ਾਮਲ ਹਨ:

- ਤੁਸੀਂ ਆਸਟਰੇਲੀਆ ਕਿਉਂ ਆਏ ਅਤੇ ਕੀ ਤੁਹਾਨੂੰ ਆਸਟਰੇਲੀਆ ਵਿਚ ਰਹਿਣ ਦੀ ਜ਼ਰੂਰਤ ਹੈ
- ਪਿਛਲੇ ਸਮੇਂ ਵਿੱਚ ਤੁਹਾਡੇ ਦੁਆਰਾ ਵੀਜ਼ਾ ਸ਼ਰਤਾਂ ਦੀ ਪਾਲਣਾ
- ਜੇ ਤੁਹਾਡਾ ਵੀਜ਼ਾ ਰੱਦ ਹੋ ਜਾਂਦਾ ਹੈ ਤਾਂ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ
- ਉਲੰਘਣਾ ਦੇ ਕਾਰਨ ਅਤੇ ਖਾਸ ਕਰਕੇ ਤੁਹਾਡੇ ਨਿਯੰਤਰਣ ਤੋਂ ਬਾਹਰ ਕੁਝ ਵੀ
- ਵਿਭਾਗ ਪ੍ਰਤੀ ਤੁਹਾਡਾ ਅਤੀਤ ਅਤੇ ਮੌਜੂਦਾ ਵਿਵਹਾਰ
- ਕੀ ਕਿਸੇ ਹੋਰ ਦਾ ਵੀਜ਼ਾ ਰੱਦ ਹੋ ਸਕਦਾ ਹੈ ਕਿਉਂਕਿ ਤੁਹਾਡਾ ਵੀਜ਼ਾ ਰੱਦ ਕਰ ਦਿੱਤਾ ਗਿਆ ਹੈ
- ਰੱਦ ਹੋਣ ਦੇ ਨਤੀਜੇ ਜਿਵੇਂ ਕਿ ਤੁਹਾਨੂੰ ਨਜ਼ਰਬੰਦ ਕੀਤਾ ਜਾਵੇਗਾ ਜਾਂ ਗੈਰਕਾਨੂੰਨੀ ਹੋ ਜਾਵੋਗੇ
- ਕੀ ਆਸਟਰੇਲੀਆ ਦੀਆਂ ਅੰਤਰਰਾਸ਼ਟਰੀ ਜ਼ਿੰਮੇਵਾਰੀਆਂ ਹਨ ਜੋ ਤੁਹਾਡੇ ਵੀਜ਼ਾ ਰੱਦ ਹੋਣ ਦੇ ਨਤੀਜੇ ਵਜੋਂ ਉਲੰਘਣਾ ਕੀਤੀਆਂ ਜਾਣਗੀਆਂ
- ਉਦਾਹਰਣ ਵਜੋਂ ਕੋਈ ਹੋਰ ਢੁਕਵਾਂ ਮਾਮਲਾ, ਕੋਈ ਕਾਰਨ ਜੋ ਤੁਸੀਂ ਇਸ ਬਾਰੇ ਉਠਾਉਂਦੇ ਹੋ ਕਿ ਵੀਜ਼ਾ ਕਿਉਂ ਰੱਦ ਨਹੀਂ ਕੀਤਾ

ਇਹ ਤੱਥ ਸ਼ੀਟ ਕੇਵਲ ਆਮ ਜਾਣਕਾਰੀ ਪ੍ਰਦਾਨ ਕਰਦੀ ਹੈ. ਇਹ ਤੁਹਾਡੇ ਕੇਸ ਬਾਰੇ ਕਾਨੂੰਨੀ ਸਲਾਹ ਨਹੀਂ ਹੈ. ਜੇ ਤੁਹਾਡੇ ਕੋਲ ਕਾਨੂੰਨ ਬਾਰੇ ਕੋਈ ਸਵਾਲ ਹੈ ਜਾਂ ਇਹ ਤੁਹਾਡੇ ਕੇਸ ਤੇ ਕਿਵੇਂ ਲਾਗੂ ਹੁੰਦਾ ਹੈ, ਤੁਹਾਨੂੰ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ.

ਜਾਣਾ ਚਾਹੀਦਾ।



## ਆਪਣੀ ਸਮੀਖਿਆ ਦਾ ਸਮਰਥਨ ਕਰਨ ਲਈ ਮੈਂ ਏ.ਏ.ਟੀ. ਨੂੰ ਕਿਹੜੀ ਜਾਣਕਾਰੀ ਦੇ ਸਕਦਾ ਹਾਂ?

ਤੁਸੀਂ ਸਾਨੂੰ ਅਜਿਹੀ ਕੋਈ ਜਾਣਕਾਰੀ ਦੇ ਸਕਦੇ ਹੋ ਜੋ ਤੁਹਾਡੇ ਕੇਸ ਦਾ ਸਮਰਥਨ ਕਰੇ।

8202 ਸ਼ਰਤ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਸੰਬੰਧ ਵਿੱਚ ਸਾਨੂੰ ਦੇਣ ਲਈ ਸਭ ਤੋਂ ਮਦਦਗਾਰ ਜਾਣਕਾਰੀ ਦੀਆਂ ਉਦਾਹਰਣਾਂ ਵਿੱਚ ਸ਼ਾਮਲ ਹੋ ਸਕਦੀਆਂ ਹਨ:

- ਇੱਕ ਰਜਿਸਟਰਡ ਕੋਰਸ ਵਿੱਚ ਤੁਹਾਡੇ ਦਾਖਲੇ ਦੀ ਪੁਸ਼ਟੀ
- ਸਬੂਤ ਜੋ ਦੱਸਦੇ ਹਨ ਕਿ ਵਿਭਾਗ ਦੇ ਫੈਸਲੇ ਵਿਚ ਵਿਸ਼ੇਸ਼ ਜਾਣਕਾਰੀ ਕਿਉਂ ਗ਼ਲਤ ਹੈ।

ਵੀਜ਼ਾ ਰੱਦ ਕਰਨ ਦੇ ਸੰਬੰਧ ਵਿੱਚ ਸਾਨੂੰ ਦੇਣ ਲਈ ਸਭ ਤੋਂ ਮਦਦਗਾਰ ਜਾਣਕਾਰੀ ਦੀਆਂ ਉਦਾਹਰਣਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਤੁਹਾਡੇ ਹਲਾਤਾਂ ਬਾਰੇ ਇੱਕ ਹਸਤਾਖਰ ਕੀਤਾ ਬਿਆਨ
- ਅਕਾਦਮਿਕ ਸਮਾਂ-ਸਾਰਣੀ, ਵਿਸ਼ਿਆਂ ਦੇ ਨਤੀਜੇ (ਟ੍ਰਾਂਸਕ੍ਰਿਪਟਾਂ), ਹਾਜ਼ਰੀ ਦੇ ਰਿਕਾਰਡ ਅਤੇ ਜਾਣਕਾਰੀ ਜੋ ਤੁਹਾਡੇ ਅਧਿਐਨ ਇਤਿਹਾਸ ਦੇ ਕਿਸੇ ਪਾੜੇ ਬਾਰੇ ਦੱਸਦੀ ਹੈ, ਜਿਵੇਂ ਕਿ ਮੈਡੀਕਲ ਰਿਪੋਰਟਾਂ ਜੋ ਤੁਸੀਂ ਬਿਮਾਰ ਰਹੇ ਹੋ
- ਤੁਹਾਡੇ ਸਿਖਿਆ ਪ੍ਰਦਾਤਾ ਦੁਆਰਾ ਕੋਈ ਵੀ ਦਸਤਾਵੇਜ਼ ਜੋ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਤੁਸੀਂ ਆਪਣੀ ਪੜ੍ਹਾਈ ਨੂੰ ਮੁਲਤਵੀ ਕਰਨ ਦੀ ਮੰਗ ਕੀਤੀ ਹੈ
- ਤੁਹਾਡੇ ਦਾਅਵਿਆਂ ਦਾ ਸਮਰਥਨ ਕਰਨ ਲਈ ਕੋਈ ਸਬੂਤ, ਜਿਵੇਂ ਕਿ ਡਾਕਟਰੀ ਰਿਪੋਰਟਾਂ, ਅਧਿਕਾਰਤ ਦਸਤਾਵੇਜ਼
- ਪ੍ਰਕਿਰਿਆ ਵਿੱਚ ਹੋਣ ਵਾਲੀਆਂ ਕਿਸੇ ਵੀ ਖਰਾਬੀ ਬਾਰੇ ਜਾਣਕਾਰੀ ਜੋ ਤੁਹਾਡੇ ਸਿਖਿਆ ਪ੍ਰਦਾਤਾ ਦੁਆਰਾ ਤੁਹਾਡੀ ਅਕਾਦਮਿਕ ਤਰੱਕੀ ਜਾਂ ਨਤੀਜੇ ਨੂੰ ਅਸੰਤੁਸ਼ਟ ਵਜੋਂ ਪ੍ਰਮਾਣਿਤ ਕਰਦਾ ਹੈ
- ਦੂਜੇ ਲੋਕਾਂ ਦੇ ਬਿਆਨ ਜੋ ਤੁਹਾਡੇ ਕੇਸ ਦੀ ਪੁਸ਼ਟੀ ਜਾਂ ਸਹਾਇਤਾ ਕਰ ਸਕਦੇ ਹਨ
- ਕੋਈ ਹੋਰ ਜਾਣਕਾਰੀ ਜਾਂ ਦਸਤਾਵੇਜ਼ ਜੋ ਤੁਹਾਡੇ ਦਾਅਵਿਆਂ ਦਾ ਸਮਰਥਨ ਕਰਦੇ ਹਨ ਕਿ ਵੀਜ਼ਾ ਕਿਉਂ ਰੱਦ ਨਹੀਂ ਕੀਤਾ ਜਾਣਾ ਚਾਹੀਦਾ, ਸੰਬੰਧਤ ਕਾਰਕਾਂ ਦਾ ਹੱਲ ਕਰਕੇ ਜੋ ਏ.ਏ.ਟੀ. ਫੈਸਲੇ ਦੀ ਪ੍ਰਕਿਰਿਆ ਦੇ ਦੂਜੇ ਪੜਾਅ 'ਤੇ ਵੇਖੇਗੀ।

# ਮੈਨੂੰ ਆਪਣੀ ਜਾਣਕਾਰੀ ਏ.ਏ.ਟੀ. ਨੂੰ ਕਦੋਂ ਦੇਣੀ ਚਾਹੀਦੀ ਹੈ?

ਤੁਹਾਨੂੰ ਜਿੰਨੀ ਜਲਦੀ ਹੋ ਸਕੇ ਸਾਨੂੰ ਜਾਣਕਾਰੀ ਦੇਣੀ ਚਾਹੀਦੀ ਹੈ। ਜੇ ਏ.ਏ.ਟੀ. ਉਸ ਜਾਣਕਾਰੀ ਤੋਂ ਸੰਤੁਸ਼ਟ ਹੈ ਜੋ ਤੁਸੀਂ ਸਾਨੂੰ ਦਿੰਦੇ ਹੋ, ਤਾਂ ਸੁਣਵਾਈ ਦੀ ਜ਼ਰੂਰਤ ਤੋਂ ਬਿਨਾਂ ਅਨੁਕੂਲ ਫੈਸਲਾ ਸੰਭਵ ਹੋ ਸਕਦਾ ਹੈ।

### *ਸੁਣਵਾਈ ਵੇਲੇ ਸਬੂਤ ਦੇਣਾ*

ਜੇ ਤੁਹਾਨੂੰ ਕਿਸੇ ਸੁਣਵਾਈ ਵਿਚ ਸ਼ਾਮਲ ਹੋਣ ਦੀ ਲੋੜ ਹੁੰਦੀ ਹੈ, ਤਾਂ ਏ.ਏ.ਟੀ. ਮੈਂਬਰ ਤੁਹਾਡੀ ਅਰਜ਼ੀ ਬਾਰੇ ਤੁਹਾਨੂੰ ਪੁੱਛੇਗਾ ਅਤੇ ਤੁਹਾਡੇ ਦੁਆਰਾ ਪੇਸ਼ ਕੀਤੀ ਗਈ ਸਾਰੀ ਜਾਣਕਾਰੀ 'ਤੇ ਵਿਚਾਰ ਕਰੇਗਾ। ਆਮ ਤੌਰ ਤੇ, ਇਸ ਵਿੱਚ ਉਹ ਦਸਤਾਵੇਜ਼ ਸ਼ਾਮਲ ਹੋਣਗੇ ਜੋ ਤੁਸੀਂ ਸਾਨੂੰ ਆਪਣੇ ਕੇਸ ਬਾਰੇ ਦਿੱਤੇ ਹਨ। ਸੁਣਵਾਈ ਤੋਂ 7 ਦਿਨ ਪਹਿਲਾਂ ਤਕ ਤੁਹਾਨੂੰ ਸਾਨੂੰ ਸਾਰੀ ਜਾਣਕਾਰੀ ਦੇਣੀ ਹੋਵੇਗੀ, ਜਾਂ ਪਹਿਲਾਂ ਸਾਡੇ ਦੁਆਰਾ ਤੁਹਾਨੂੰ ਸਾਨੂੰ ਕੋਈ ਜਾਣਕਾਰੀ ਦੇਣ ਲਈ ਦੱਸੀ ਗਈ ਮਿਤੀ ਤਕ, ਕਿਹਾ ਜਾ ਸਕਦਾ ਹੈ।

ਤੁਸੀਂ ਕੋਈ ਵੀ ਜਾਣਕਾਰੀ ਜੋ ਏ.ਏ.ਟੀ. ਮੈਂਬਰ ਨੂੰ ਪੇਸ਼ ਕਰਦੇ ਹੋ ਤਾਂ ਇਹ ਮਹੱਤਵਪੂਰਨ ਪ੍ਰਮਾਣ ਹਨ। ਸੁਣਵਾਈ ਤੋਂ ਪਹਿਲਾਂ ਇਸ ਸਬੂਤ ਨੂੰ ਚੰਗੀ ਤਰ੍ਹਾਂ ਤਿਆਰ ਕਰਨਾ ਤੁਹਾਨੂੰ ਆਪਣਾ ਕੇਸ ਪੇਸ਼ ਕਰਨ ਅਤੇ ਏ.ਏ.ਟੀ.ਮੈਂਬਰ ਨੂੰ ਫੈਸਲਾ ਲੈਣ ਵਿੱਚ ਸਹਾਇਤਾ ਕਰ ਸਕਦਾ ਹੈ।

# ਜੇ ਤੁਹਾਡੇ ਕੋਈ ਪ੍ਰਸ਼ਨ ਹਨ ਤਾਂ ਸਾਡੇ ਨਾਲ ਸੰਪਰਕ ਕਰੋ

- ਟੈਲੀਫੋਨ: **1800 228 333**
- ਈਮੇਲ: mrdivision@aat.gov.au
- www.aat.gov.au
- ਰਾਸ਼ਟਰੀ ਰਿਲੇਅ ਸੇਵਾ www.relayservice.gov.au
- ਅਨੁਵਾਦ ਅਤੇ ਦੁਭਾਸ਼ੀਆ ਸੇਵਾ (TIS): 131 450

*ਜਦੋਂ ਇਹ ਤੱਥ ਸ਼ੀਟ "ਤੁਸੀਂ" ਦਾ ਹਵਾਲਾ ਦਿੰਦੀ ਹੈ ਤਾਂ ਇਸਦਾ ਅਰਥ ਬਿਨੈਕਾਰ ਹੁੰਦਾ ਹੈ ਅਤੇ ਤੁਹਾਡੇ ਅਧਿਕਾਰਤ ਪ੍ਰਾਪਤ ਕਰਤਾ, ਪ੍ਰਤੀਨਿਧੀ ਜਾਂ ਸਹਾਇਤਾ ਵਿਅਕਤੀ ਨੂੰ ਸ਼ਾਮਲ ਕਰਦਾ ਹੈ। ਜਦੋਂ ਇਹ "ਅਸੀਂ" ਜਾਂ "ਸਾਡੇ" ਦਾ ਹਵਾਲਾ ਦਿੰਦਾ ਹੈ ਤਾਂ ਇਸਦਾ ਅਰਥ ਹੈ ਏ.ਏ.ਟੀ.।*

ਇਹ ਤੱਥ ਸ਼ੀਟ ਕੇਵਲ ਆਮ ਜਾਣਕਾਰੀ ਪ੍ਰਦਾਨ ਕਰਦੀ ਹੈ. ਇਹ ਤੁਹਾਡੇ ਕੇਸ ਬਾਰੇ ਕਾਨੂੰਨੀ ਸਲਾਹ ਨਹੀਂ ਹੈ. ਜੇ ਤੁਹਾਡੇ ਕੋਲ ਕਾਨੂੰਨ ਬਾਰੇ ਕੋਈ ਸਵਾਲ ਹੈ ਜਾਂ ਇਹ ਤੁਹਾਡੇ ਕੇਸ ਤੇ ਕਿਵੇਂ ਲਾਗੂ ਹੁੰਦਾ ਹੈ, ਤੁਹਾਨੂੰ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ.